**ਡਾਇਰੈਕਟਰ ਜਨਰਲ ਸਕੂਲ ਸਿਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ ਸੀ ਓ–104–106, ਸੈਕਟਰ– 34 ਏ, ਚੰਡੀਗੜ੍ਹ**
**ਫੋਨ ਨੰ: 2623207, 2621106, 2624673,**
**ਫੈਕਸ ਨੰ: 2624687, 2323206**

ਸੇਵਾ ਵਿੱਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.)
ਪੰਜਾਬ

ਮੀਮੋ ਨੂੰ : 13/2-2009/ਸਸਅ/ਐਮ.ਆਈ.ਐਸ ਡਾਈਸ/73480–73499
ਮਿਤੀ : ਚੰਡੀਗੜ੍ਹ 26 ਅਕਤੂਬਰ, 2009

**ਵਿਸ਼ਾ:** **ਡਾਇਸ ਸਰਵੇ 2009–10.**

1. ਪਿਛਲੇ ਮਹੀਨੇ ਮੀਟਿੰਗ ਦੇ ਦੋਰਾਨ ਹੋਈ ਗੱਲ–ਬਾਤ ਨੂੰ ਧਿਆਨ ਵਿਚ ਰੱਖਦੇ ਹੋਏ ਆਪ ਜੀ ਨੂੰ ਉਪਰੋਕਤ ਦਰਸਾਏ ਵਿਸ਼ੇ ਬਾਰੇ ਦੱਸਿਆ ਜਾਂਦਾ ਹੈ ।
2. ਜਿਵੇ ਕਿ ਤੁਹਾਨੂੰ ਪਤਾ ਹੀ ਹੈ ਕਿ ਡਾਇਸ ਸੁਚਨਾ ਸਾਰੇ ਸਰਕਾਰੀ, ਪ੍ਰਾਈਵੇਟ, ਮਾਨਤਾ ਪ੍ਰਾਪਤ,ਗੈਰ ਮਾਨਤਾ ਪ੍ਰਾਪਤ ਸਕੂਲਾਂ ਤੋਂ ਇਕੱਠੀ ਕੀਤੀ ਜਾਂਦੀ ਹੈ ।
3. ਡਾਇਸ ਸਮਾਂ ਸਾਰਨੀ ਨੂੰ ਕਲੱਸਟਰ, ਬਲਾਕ ਅਤੇ ਜਿਲਾ ਪੱਧਰ ਉੱਤੇ ਸਹੀ ਤਰੀਕੇ ਨਾਲ ਅਮਲ ਵਿਚ ਨਹੀ ਲਿਆਂਦਾ ਜਾ ਰਿਹਾ ਅਤੇ ਨਾ ਹੀ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ ਡੀ.ਪੀ.ਸੀ ਵੱਲੋਂ ਕੋਈ ਨਰੀਖਣ ਇਸ ਸਬੰਧ ਵਿਚ ਕੀਤਾ ਜਾ ਰਿਹਾ ਹੈ।
4. ਇਹ ਗੱਲ ਨਿਮਨ ਹਸਤਾਖਰੀ ਦੇ ਧਿਆਨ ਵਿਚ ਆਈ ਹੈ ਕਿ ਭਰੇ ਹੋਏ ਡਾਇਸ ਪ੍ਰਫਾਰਮੇ ਜੋ ਕਿ ਸਕੂਲਾਂ ਦੁਆਰਾ ਜਮਾਂ ਕਰਵਾਏ ਗਏ ਸਨ ਨੂੰ ਵੀ ਚੰਗੀ ਤਰਾਂ ਕਲੱਸਟਰ, ਬਲਾਕ ਅਤੇ ਜਿਲ੍ਹਾ ਪੱਧਰ ਉੱਤੇ ਦੇਖਿਆ ਨਹੀ ਗਿਆ ।
5. ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਡਾਇਸ ਪ੍ਰਫਾਰਮਿਆਂ ਨੂੰ ਬਲਾਕ ਅਤੇ ਜਿਲ੍ਹਾ ਪੱਧਰ ਤੇ ਠੀਕ ਢੰਗ ਨਾਲ ਚੈਕ ਕਰਵਾਇਆ ਜਾਵੇ ਅਤੇ ਇਨ੍ਹਾਂ ਨੂੰ ਤਸਦੀਕ ਵੀ ਕੀਤਾ ਜਾਵੇ।
6. ਇਸ ਤੋ ਇਲਾਵਾ ਸਾਰੇ ਸਕੂਲਾਂ ਦੀ ਡਾਟਾ ਐੱਟਰੀ ਡਾਇਸ ਸੋਫਟਵੇਅਰ ਵਿੱਚ 20 ਨਵੰਬਰ, 2009 ਤੱਕ ਜਿਲ੍ਹਾ ਪੱਧਰ ਤੇ ਪੂਰੀ ਹੋ ਜਾਣੀ ਚਾਹੀਦੀ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**